Ensaaf
END IMPUNITY. ACHIEVE JUSTICE.
ਇਨਸਾਫ਼

HUMAN RIGHTS WATCH


ਭਾਰਤ

ਅਕਤੂਬਰ 2007

# ਕਾਤਲਾਂ ਨੂੰ ਸ਼ਹਿ: ਭਾਰਤੀ ਪੰਜਾਬ ਵਿੱਚ ਸਜ਼ਾ-ਮੁਕਤੀ ਦੀ ਨੀਤੀ

## ਨਿਚੋੜ

> ਸੱਚ ਅਤੇ ਨਿਆਂ ਹਾਸਲ ਕਰਨ ਖਾਤਰ ਮੈਂ ਸਭ ਕੁਝ ਕੀਤਾ। ਏਥੋਂ ਤੱਕ ਕਿ ਲੇਲ੍ਹੜੀਆਂ ਵੀ ਕੱਢੀਆਂ। ਪਰ ਇਹ ਸਭ ਹੀਲੇ ਬੇਕਾਰ ਗਏ। ਮੈਂ ਹੋਰ ਕੀ ਕਰ ਸਕਦਾ? ... ਪੰਜਾਬੀ ਦੀ ਇੱਕ ਕਹਾਵਤ ਹੈ ਕਿ ਬਾਰਾਂ ਸਾਲਾਂ ਬਾਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ। ਪਰ ਮੇਰੀ ਬਾਰਾਂ ਸਾਲਾਂ ਬਾਅਦ ਵੀ ਕੋਈ ਸੁਣਵਾਈ ਨਹੀਂ ਹੋਈ ਹੈ। ਇਸਦਾ ਮਤਲਬ ਹੈ ਕਿ ਮੇਰੀ ਕਦਰ ਇੱਕ ਰੂੜੀ ਨਾਲੋਂ ਵੀ ਘੱਟ ਹੈ।
>
> – ਮਹਿੰਦਰ ਸਿੰਘ, ਪੁਲੀਸ ਵੱਲੋਂ ਫੜ ਕੇ ਮਾਰੇ ਨੌਜਵਾਨ ਜੁਗਰਾਜ ਸਿੰਘ ਦਾ ਪਿਤਾ




ਇੱਕ ਤਕੜੇ ਜਮਹੂਰੀ ਢਾਂਚੇ ਅਤੇ ਪ੍ਰਫੁੱਲਤ ਨਾਗਰਿਕ ਸਮਾਜ ਦੇ ਬਾਵਜੂਦ ਮਨੁੱਖੀ ਹੱਕਾਂ ਦੀ ਤਬਾਹੀ ਨੂੰ ਭਾਰਤ ਵਿੱਚ ਖੁੱਲ੍ਹੀ ਸ਼ਹਿ ਸ਼ਰ੍ਹੇਆਮ ਮਿਲ ਰਹੀ ਹੈ। ਖਾਸ ਕਰਕੇ ਖਾੜਕੂ-ਵਿਰੋਧੀ ਮੁਹਿੰਮਾਂ ਤੇ ਵਾਕਿਆਂ ਦੇ ਮਾਮਲੇ ਵਿੱਚ ਭਾਰਤ ਦੀਆਂ ਸੁਰੱਖਿਆ ਫੌਜਾਂ ਤੇ ਪੁਲੀਸ ਇਹ ਸਮਝ ਕੇ ਜ਼ੁਲਮ ਕਰਦੀਆਂ ਹਨ ਕਿ ਇਹਨਾਂ ਗੁਨਾਹਾਂ ਦੀ ਸਜ਼ਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਹਿਊਮਨ ਰਾਈਟਸ ਵਾਚ ਨੇ ਪਿਛਲੀ ਵਾਰ ਸਤੰਬਰ 2006 ਵਿੱਚ ਇਸ ਮਸਲੇ ਨੂੰ ਦਰਜ ਕਰਦਿਆਂ ਰਿਪੋਰਟ ਕੱਢੀ ਸੀ "*ਹਰ ਕੋਈ ਡਰ ਕੇ ਜਿਉਂਦਾ ਹੈ*: ਜੰਮੂ-ਕਸ਼ਮੀਰ ਵਿੱਚ ਸਜ਼ਾ-ਮੁਕਤੀ ਦੇ patterns," ਜਿਸ ਵਿੱਚ ਵਿਖਾਇਆ ਗਿਆ ਸੀ ਕਿ ਕਿਵੇਂ ਜ਼ੁਲਮ ਤੇ ਸਜ਼ਾ-ਮੁਕਤੀ ਦੇ ਘਣਚੱਕਰ ਨੇ ਇਸ ਜੰਗ ਦੇ ਭਾਂਬੜਾਂ ਨੂੰ ਝੋਕਾ ਲਾਇਆ ਹੈ।

ਭਾਰਤ ਦੇ ਸਜ਼ਾ-ਮੁਕਤੀ ਦੇ ਸੰਕਟ ਦੀ ਸਭ ਤੋਂ ਵੱਡੀ ਮਿਸਾਲ ਪੰਜਾਬ ਵਿੱਚ ਮਿਲਦੀ ਹੈ। ਸਰਕਾਰ ਵਲੋਂ ਸਿੱਖਾਂ ਦੀ ਵੱਖਵਾਦੀ ਬਗ਼ਾਵਤ ਨੂੰ ਢਾਹਿਆਂ ਇੱਕ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ। 1980 ਤੇ 1990 ਦੇ ਦਹਾਕਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਸ ਮੁਹਿੰਮ ਵਿੱਚ ਮਾਰੇ ਗਏ। ਸਿੱਖ ਖਾੜਕੂ ਵੀ ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ ਦੇ ਜ਼ੁੰਮੇਵਾਰ ਸਨ ਜਿੰਨਾਂ ਵਿੱਚ ਗੈਰ-ਫੌਜੀ ਲੋਕਾਂ ਦੇ ਕਤਲ, ਹਿੰਦੂ ਘੱਟ ਗਿਣਤੀਆਂ ਤੇ ਹਮਲੇ, ਭੀੜ-ਭੜੱਕੇ ਵਾਲੀਆਂ ਥਾਵਾਂ ਤੇ ਬੰਬ-ਧਮਾਕੇ ਅਤੇ ਕਈ ਸਿਆਸਤੀ ਆਗੂਆਂ ਦੇ ਕਤਲ ਸ਼ਾਮਲ ਹਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ 1984 ਵਿੱਚ ਸਿੱਖ ਬਾਡੀਗਾਰਡਾਂ ਨੇ ਮਾਰ ਦਿੱਤਾ। ਸਿੱਖਾਂ ਦੀ ਖਾੜਕੂ ਲਹਿਰ ਨੇ ਅਰਥਚਾਰੇ ਨੂੰ ਵੀ ਠੱਪ ਕਰ ਦਿੱਤਾ ਅਤੇ ਵੱਡੇ ਪੱਧਰ ਤੇ ਲੁੱਟਾਂ-ਖੋਹਾਂ ਅਤੇ ਜ਼ਮੀਨਾਂ ਦੱਬਣ ਦੀਆਂ ਘਟਨਾਵਾਂ ਵਾਪਰੀਆਂ।

***ਕਾਤਲਾਂ ਨੂੰ ਸ਼ਹਿ* ਭਾਰਤ ਵਿੱਚ ਸੁਰੱਖਿਆ ਫੌਜਾਂ ਅਤੇ ਹੋਰਨਾਂ ਸਰਕਾਰੀ ਨੌਕਰਾਂ ਨੂੰ ਮਿਲਦੀ ਹਿਫਾਜ਼ਤ ਦਾ ਅਧਿਐਨ ਹੈ। ਇਸ ਵਿੱਚ ਪੀੜਤ ਪਰਿਵਾਰਾਂ ਨੂੰ ਨਿਆਂ ਦੇਣ ਵਿੱਚ ਭਾਰਤ ਦੀਆਂ ਅਦਾਲਤਾਂ ਤੇ ਸਰਕਾਰੀ ਅਦਾਰਿਆਂ ਦੀ ਤਕਰੀਬਨ ਮੁਕੰਮਲ ਨਾਕਾਮਯਾਬੀ ਦੀ ਖੋਜ-ਪੜਤਾਲ ਤੇ ਨਤੀਜਿਆਂ ਦੀ ਰਿਪੋਰਟ ਦਰਜ ਹੈ।**

ਏਸੇ ਸਮੇਂ ਦੌਰਾਨ, 1984 ਤੋਂ ਲੈ ਕੇ 1995 ਤੱਕ ਭਾਰਤ ਸਰਕਾਰ ਨੇ ਖਾੜਕੂ-ਵਿਰੋਧੀ ਕਾਰਵਾਈਆਂ ਦੇ ਹੁਕਮ ਦਿੱਤੇ ਜਿਨ੍ਹਾਂ ਦੇ ਨਤੀਜੇ ਵਿੱਚ ਬਿਨਾਂ ਵਜ੍ਹਾ ਗ੍ਰਿਫਤਾਰੀ ਜਾਂ ਅਗਵਾ ਕਰਨ, ਤਸੀਹੇ ਦੇਣ, ਮਾਰ ਖਪਾਉਣ ਵਰਗੀਆਂ ਵਧੀਕੀਆਂ ਸਿੱਖਾਂ ਨਾਲ ਹੋਈਆਂ। ਪੁਲੀਸ ਨੇ ਨੌਜਵਾਨ ਮੁੰਡਿਆਂ ਨੂੰ ਖਾੜਕੂ ਹੋਣ ਦੇ ਸ਼ੱਕ ਨਾਲ ਚੁੱਕਿਆ ਤੇ ਬਾਦ ਵਿੱਚ ਮੁੱਕਰਦੀ ਰਹੀ ਕਿ ਮੁੰਡੇ ਹਿਰਾਸਤ ਵਿੱਚ ਸਨ, ਹਾਲਾਂ ਕਿ ਬਹੁਤ ਵਾਰੀਂ ਗਵਾਹਾਂ ਨੇ ਪੁਲੀਸ ਨੂੰ ਬੰਦੇ ਅਗਵਾ ਕਰਦੇ ਵੇਖਿਆ ਸੀ। ਇਸ ਤਰਾਂ ਚੁੱਕ ਕੇ ਲਾਪਤਾ ਕਰ ਦਿੱਤੇ ਗਏ ਬੰਦਿਆਂ ਵਿੱਚੋਂ ਜ਼ਿਆਦਾਤਰ ਮਾਰ ਮੁਕਾਏ ਗਏ। ਆਪਣੇ ਜੁਰਮਾਂ ਦੇ ਸਬੂਤਾਂ ਨੂੰ ਮੇਟਣ ਲਈ ਸੁਰੱਖਿਆ ਫੌਜਾਂ ਨੇ ਲੁਕਾ-ਛਿਪਾ ਕੇ ਲਾਸ਼ਾਂ ਖੁਰਦ-ਬੁਰਦ ਕਰ ਦਿੱਤੀਆਂ। ਆਮ ਤੌਰ ਤੇ ਇਹ ਲਾਸ਼ਾਂ ਫੂਕ ਦਿੱਤੀਆਂ ਜਾਂਦੀਆਂ ਸਨ। ਜਦੋਂ ਸਰਕਾਰ ਨੂੰ ਲਾਪਤਾ ਨੌਜਵਾਨਾਂ ਬਾਰੇ ਪੁੱਛਿਆ ਜਾਂਦਾ ਸੀ ਤਾਂ ਆਮ ਤੌਰ ਤੇ ਸਰਕਾਰ ਦਾਅਵਾ ਕਰਦੀ ਸੀ ਕਿ ਇਹ ਮੁੰਡੇ ਪੱਛਮੀ ਮੁਲਕਾਂ ਨੂੰ ਚਲੇ ਗਏ ਹਨ।

**ਭਾਰਤ ਵਿੱਚ ਸਜ਼ਾ-ਮੁਕਤੀ ਦੀ ਸਮੱਸਿਆ ਪੰਜਾਬ ਤੋ ਵਧ ਕੇ ਹੋਰ ਕਿਤੇ ਨਹੀਂ ਹੈ।**

ਖਾੜਕੂਆਂ ਨੂੰ ਫੜਨ ਤੇ ਮਾਰਨ ਲਈ ਖਾਸ ਕਾਨੂੰਨਾਂ ਤੇ ਪੁਲੀਸ ਨੂੰ ਮਿਲਦੇ ਇਨਾਮਾਂ ਤੇ ਤਰੱਕੀਆਂ ਦੇ ਢਾਂਚੇ ਕਾਰਨ ਖਾੜਕੂਆਂ ਤੇ ਗੈਰ ਖਾੜਕੂ ਨਾਗਰਿਕਾਂ ਨੂੰ ਲਾਪਤਾ ਕਰਨ ਤੇ ਮਾਰ ਮੁਕਾਉਣ ਦੇ ਵਾਕਿਆਂ ਦੀ ਗਿਣਤੀ ਵਧੀ। 1994 ਵਿੱਚ ਹਿਯੂਮਨ ਰਾਈਟਸ ਵਾਚ ਤੇ ਫਿਜ਼ੀਸ਼ਨਜ਼ ਫਾਰ ਹਿਯੂਮਨ ਰਾਈਟਸ ਨੇ ਸਰਕਾਰੀ ਕਾਰਵਾਈਆਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ "ਇਹ ਕਾਰਵਾਈਆਂ ਬਹੁਤ ਅੱਤ ਦੀ ਉਦਾਹਰਨ ਹਨ ਉਹਨਾਂ ਨੀਤੀਆਂ ਦੀ ਜਿਹਨਾਂ ਵਿੱਚ ਸਰਕਾਰੀ ਮਕਸਦਾਂ ਦੀ ਪੂਰਤੀ ਖਾਤਰ ਤਸ਼ੱਦਦ ਤੇ ਕਤਲ ਸਮੇਤ ਹਰ ਹੀਲਾ ਵਰਤਣ ਦੀ ਖੁੱਲ੍ਹ ਸੀ"।

ਪੰਜਾਬ ਪੁਲੀਸ ਵਲੋਂ ਵੱਡੀ ਗਿਣਤੀ ਵਿੱਚ ਲਾਸ਼ਾਂ ਫੂਕਣ ਦਾ ਮਾਮਲਾ ਇਸ ਰਿਪੋਰਟ ਦਾ ਕੇਂਦਰੀ ਵਿਸ਼ਾ ਹੈ ਤੇ ਇਸ ਮਾਮਲੇ ਦਾ ਮੁੱਢ ਉਹ ਖੋਜ-ਪੜਤਾਲਾਂ ਹਨ ਜੋ ਮੁਨੱਖੀ ਹੱਕਾਂ ਲਈ ਸਰਗਰਮ ਕਾਮਿਆਂ ਸ. ਜਸਵੰਤ ਸਿੰਘ ਖਾਲੜਾ ਤੇ ਜਸਪਾਲ ਸਿੰਘ ਢਿਲੋਂ ਨੇ 1994 ਤੇ 1995 ਵਿੱਚ ਕੀਤੀਆਂ ਜਿਨ੍ਹਾਂ ਵਿੱਚ ਸਰਕਾਰੀ ਸ਼ਮਸਾਨ ਘਾਟਾਂ ਦੇ ਰਿਕਾਰਡਾਂ ਰਾਹੀਂ 6000 ਤੋਂ ਵੱਧ ਲਾਸ਼ਾਂ ਨੂੰ ਗੁਪਤ ਤਰੀਕੇ ਨਾਲ ਪੰਜਾਬ ਦੇ 13 ਜ਼ਿਲਿਆਂ ਵਿੱਚੋਂ ਸਿਰਫ ਇੱਕ ਜ਼ਿਲ੍ਹੇ ਵਿੱਚ ਹੀ ਪੁਲੀਸ ਵਲੋਂ ਫੂਕ ਦਿੱਤੇ ਜਾਣ ਦਾ ਪਰਦਾ ਫਾਸ਼ ਕੀਤਾ ਗਿਆ। ਉਹਨਾਂ ਵਲੋਂ ਇਕੱਠੀ ਕੀਤੀ ਗਈ ਜਾਣਕਾਰੀ ਤੇ ਸਬੂਤਾਂ ਦੇ ਆਧਾਰ ਤੇ ਕਮਿਟੀ ਫਾਰ ਇਨਫੋਰਮੇਸ਼ਨ ਐਂਡ ਇਨਿਸ਼ਿਟਿਵ ਇਨ ਪੰਜਾਬ (ਸੀ.ਆਈ.ਆਈ.ਪੀ.) ਨੇ ਅਪਰੈਲ 1995 ਵਿੱਚ ਭਾਰਤ ਦੀ ਸੁਪਰੀਮ ਕੋਰਟ ਨੂੰ ਅਰਜ਼ੀ ਦੇ ਕੇ ਮੰਗ ਕੀਤੀ ਕਿ ਗੈਰਕਾਨੂੰਨੀ ਢੰਗ ਨਾਲ ਮਾਰ ਕੇ ਚੋਰੀ-ਛਿਪੇ ਫੂਕੇ ਬੰਦਿਆਂ ਦੇ ਮਾਮਲੇ ਦੀ ਸੰਪੂਰਨ ਜਾਂਚ ਕਰਵਾਈ ਜਾਵੇ।

**1984 ਤੋਂ 1995 ਤੱਕ ਭਾਰਤ ਸਰਕਾਰ ਨੇ ਅਜਿਹੀਆਂ ਖਾੜਕੂ-ਵਿਰੋਧੀ ਕਾਰਵਾਈਆਂ ਕਰਵਾਈਆਂ ਜਿਹਨਾਂ ਦੇ ਨਤੀਜੇ ਵਜੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਬਿਨਾਂ ਵਜ੍ਹਾ ਗ੍ਰਿਫਤਾਰੀ, ਤਸ਼ੱਦਦ, ਤੇ ਮਾਰ ਖਪਾਉਣ ਦਾ ਸ਼ਿਕਾਰ ਹੋਏ।**

ਏਸੇ ਵੇਲੇ ਹੀ ਪੁਲੀਸ ਦੇ ਕਈ ਮੁਲਾਜ਼ਮਾਂ ਤੇ ਅਫਸਰਾਂ ਨੇ ਸ. ਜਸਵੰਤ ਸਿੰਘ ਖਾਲੜਾ ਨੂੰ ਵਾਰ-ਵਾਰ ਧਮਕੀਆਂ ਦੇਣ ਉਪਰੰਤ ਉਹਨਾਂ ਨੂੰ ਬਿਨਾਂ ਵਜ੍ਹਾ ਗ੍ਰਿਫਤਾਰ ਕਰਕੇ, ਹਿਰਾਸਤ ਵਿੱਚ ਰੱਖਕੇ ਤਸੀਹੇ ਦਿੱਤੇ ਅਤੇ ਅਕਤੂਬਰ 1995 ਵਿੱਚ ਕਤਲ ਕਰ ਦਿੱਤਾ। ਸ. ਖਾਲੜਾ ਦੇ ਕਤਲ ਅਤੇ 10 ਵਰ੍ਹਿਆਂ ਬਾਦ ਮੁਕੱਦਮੇ ਵਿੱਚ ਅਦਾਲਤ ਵਲੋਂ ਉਹਨਾਂ ਦੇ ਕਾਤਲਾਂ ਨੂੰ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਪੁਲੀਸ ਵੱਲੋਂ ਲਾਪਤਾ ਕੀਤੇ ਮਾਰ-ਮੁਕਾਏ ਗਏ ਪੀੜਤਾਂ ਦੀ ਸਚਾਈ ਤੋਂ ਮੁਨਕਰ ਹੋਣਾ ਨਾ-ਮੁਮਕਿਨ ਕਰ ਦਿਤਾ। ਭਾਰਤ ਦੀ ਸਰਕਾਰ ਨੇ ਏਥੋਂ ਤੱਕ ਇਕਬਾਲ ਕੀਤਾ ਕਿ ਇਸਨੇ 2097 ਬੰਦਿਆਂ ਦੀਆਂ ਲਾਸ਼ਾਂ ਨੂੰ ਅੰਮ੍ਰਿਤਸਰ ਜ਼ਿਲੇ ਵਿੱਚ

ਗੈਰਕਾਨੂੰਨੀ ਢੰਗ ਨਾਲ ਫੂਕਿਆ। ਪਰ ਚਿੰਤਾਜਨਕ ਗੱਲ ਇਹ ਹੈ ਕਿ ਸਰਕਾਰੀ ਅਫ਼ਸਰਾਂ ਨੂੰ ਅਜੇ ਤੱਕ ਇਹਨਾਂ ਹਜ਼ਾਰਾਂ ਦੀ ਗਿਣਤੀ ਵਿੱਚ ਹੋਈਆਂ ਹਿਰਾਸਤ ਵਿੱਚ ਹੋਈਆਂ ਮੌਤਾਂ ਦਾ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਹੈ।

**ਸੁਪਰੀਮ ਕੋਰਟ ਨੇ 1996 ਵਿੱਚ ਭਾਰਤ ਦੇ ਰਾਸ਼ਟਰੀ ਮਨੁੱਖੀ ਹੱਕਾਂ ਦੇ ਕਮਿਸ਼ਨ (ਐਨ.ਐਚ.ਆਰ.ਸੀ.) ਨੂੰ ਹੁਕਮ ਦਿੱਤੇ ਕਿ ਇਹਨਾਂ ਵੱਡੀ ਪੱਧਰ ਤੇ ਚੋਰੀ ਛਿਪੇ ਫੂਕੀਆਂ ਲਾਸ਼ਾ ਦੇ ਮਾਮਲੇ ਨਾਲ ਜੋ ਵੀ ਮਸਲੇ ਖੜ੍ਹੇ ਹੁੰਦੇ ਹਨ, ਉਹਨਾਂ ਨੂੰ ਨਜਿੱਠਿਆ ਜਾਵੇ ਤੇ ਕਮਿਸ਼ਨ ਨੂੰ ਇਹ ਕਾਰਜ ਪੂਰਾ ਕਰਨ ਲਈ ਮਹਾਨ ਇਖ਼ਤਿਆਰ ਬਖ਼ਸ਼ੇ।**



ਸ. ਜਸਵੰਤ ਸਿੰਘ ਖਾਲੜਾ ਨੂੰ ਅਕਤੂਬਰ 1995 ਵਿੱਚ ਅਗਵਾ ਕਰ ਕੇ ਮਾਰਨ ਖਾਤਰ ਪੰਜਾਬ ਪੁਲੀਸ ਦੇ ਛੇ ਅਫਸਰਾਂ ਨੂੰ ਦੋਸ਼ੀ ਠਹਿਰਾਇਆ ਗਿਆ। ਪੁਲੀਸ ਵਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਾਰ ਮੁਕਾ ਚੋਰੀ ਛਿਪੇ ਫੂਕੀਆਂ ਲਾਸ਼ਾਂ ਦੇ ਸਬੂਤ ਸਰਕਾਰੀ ਰਿਕਾਰਡਾਂ ਵਿੱਚੋਂ ਲੱਭ ਲੈਣ ਉਪਰੰਤ ਸ. ਖਾਲੜਾ ਨੂੰ ਪੁਲੀਸ ਨੇ ਧਮਕਾਇਆ ਤੇ ਆਖਰਕਾਰ ਚੁੱਕ ਕੇ ਤਸੀਹੇ ਦਿੱਤੇ ਤੇ ਮਾਰ ਦਿੱਤਾ। ਇਹ ਤਸਵੀਰ ਸ. ਖਾਲੜਾ ਦੇ ਕੈਨੇਡਾ ਵਿੱਚ ਭਾਸ਼ਣ ਦਿੰਦਿਆਂ ਦੀ ਹੈ ਜਿਥੇ ਉਹਨਾਂ ਨੇ ਇਹ ਵੱਡੀ ਪੱਧਰ ਤੇ ਚੋਰੀ ਛਿਪੇ ਫੂਕੀਆਂ ਲਾਸ਼ਾਂ ਦੇ ਸਬੂਤਾਂ ਬਾਰੇ ਵੇਰਵਾ ਦਿੱਤਾ। © ਪਰਮਜੀਤ ਕੌਰ ਖਾਲੜਾ

ਸੀ.ਆਈ.ਆਈ.ਪੀ. ਦੀ ਦਰਖਾਸਤ ਦੀ ਸੁਣਵਾਈ ਕਰ ਕੇ ਸੁਪਰੀਮ ਕੋਰਟ ਨੇ 1996 ਵਿੱਚ ਭਾਰਤ ਦੇ ਰਾਸ਼ਟਰੀ ਮਨੁੱਖੀ ਹੱਕਾਂ ਦੇ ਕਮਿਸ਼ਨ (ਐਨ.ਐਚ.ਆਰ.ਸੀ.) ਨੂੰ ਹੁਕਮ ਦਿੱਤੇ ਕਿ ਇਹਨਾਂ ਵੱਡੀ ਪੱਧਰ ਤੇ ਚੋਰੀ ਛਿਪੇ ਫੂਕੀਆਂ ਲਾਸ਼ਾ ਦੇ ਮਾਮਲੇ ਨਾਲ ਜੋ ਵੀ ਮਸਲੇ ਖੜ੍ਹੇ ਹੁੰਦੇ ਹਨ, ਉਹਨਾਂ ਨੂੰ ਨਜਿੱਠਿਆ ਜਾਵੇ ਤੇ ਕਮਿਸ਼ਨ ਨੂੰ ਇਹ ਕਾਰਜ ਪੂਰਾ ਕਰਨ ਲਈ ਮਹਾਨ ਇਖ਼ਤਿਆਰ ਬਖ਼ਸ਼ੇ। ਪਰ ਦਸ ਸਾਲ ਤੋਂ ਜ਼ਿਆਦਾ ਅਰਸੇ ਦੀਆਂ ਬੈਠਕਾਂ ਤੇ ਕਾਰਵਾਈਆਂ ਦੇ ਬਾਵਜੂਦ ਐਨ.ਐਚ.ਆਰ.ਸੀ. ਨੇ ਚੱਜ ਨਾਲ ਇਸ ਕੇਸ ਦੀ ਨਿਆਂ-ਪੱਖੀ ਜ਼ੁੰਮੇਵਾਰੀ (civil liability and accountability) ਦੇ ਮੁੱਦਿਆਂ ਨੂੰ ਨਹੀਂ ਨਿਬੇੜਿਆ ਹੈ। ਇੰਜ ਕਰਦਿਆਂ ਕਮਿਸ਼ਨ ਨੇ ਕਿਸੇ ਇੱਕ ਵੀ ਪੀੜਤ ਦੇ ਮਾਮਲੇ ਦੀ ਨਿਰਪੱਖ ਜਾਂਚ ਨਹੀਂ ਕਰਵਾਈ ਤੇ ਨਾ ਹੀ ਕਿਸੇ ਇੱਕ ਵੀ ਪੀੜਤ ਪਰਿਵਾਰ ਨੂੰ ਗਵਾਹੀ ਦੇਣ ਦੀ ਇਜਾਜ਼ਤ ਦਿੱਤੀ। ਕਮਿਸ਼ਨ ਨੇ ਸਗੋਂ ਲਾਸ਼ਾਂ ਫੂਕਣ ਦੀ ਜ਼ੁੰਮੇਵਾਰ ਪੰਜਾਬ ਪੁਲੀਸ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਫੈਸਲੇ ਸੁਣਾਏ ਹਨ। ਹੋਰ, ਕਮਿਸ਼ਨ ਨੇ ਇਸ ਮੁਕੱਦਮੇ ਦੀ ਜਾਂਚ, ਪੰਜਾਬ ਦੇ ਇੱਕ ਜ਼ਿਲੇ ਦੇ ਤਿੰਨ ਸ਼ਮਸ਼ਾਂਨਘਾਟਾਂ ਵਿੱਚ ਫੂਕੀਆਂ ਗਈਆਂ 2097 ਲਾਸ਼ਾਂ ਤੱਕ ਸੀਮਤ ਕਰ ਦਿੱਤੀ ਅਤੇ ਪੰਜਾਬ ਦੇ ਬਾਕੀ ਸਾਰੇ ਜ਼ਿਲਿਆਂ ਵਿੱਚ ਵੱਡੀ ਪੱਧਰ ਤੇ ਫੂਕੀਆਂ ਲਾਸ਼ਾਂ ਗੈਰਨਾਨੂੰਨੀ ਢੰਗ ਨਾਲ ਪੁਲੀਸ ਵੱਲੋਂ ਮਾਰੇ

**ਦਸ ਸਾਲ ਤੋਂ ਜ਼ਿਆਦਾ ਅਰਸੇ ਦੀਆਂ ਬੈਠਕਾਂ ਤੇ ਕਾਰਵਾਈਆਂ ਦੇ ਬਾਵਜੂਦ ਐਨ.ਐਚ.ਆਰ.ਸੀ. ਨੇ ਚੱਜ ਨਾਲ ਇਸ ਕੇਸ ਦੀ ਨਿਆਂ-ਪੱਖੀ ਜ਼ੁੰਮੇਵਾਰੀ (civil liability and accountability) ਦੇ ਮੁੱਦਿਆਂ ਨੂੰ ਨਹੀਂ ਨਿਬੇੜਿਆ ਹੈ।**

ਬੰਦਿਆਂ ਤੇ ਲਾਪਤਾ ਕੀਤੇ ਗਏ ਬੰਦਿਆਂ ਦੇ ਮਾਮਲੇ ਦਾ ਸਬੂਤ ਹੋਣ ਦੇ ਬਾਵਜੂਦ ਜ਼ਿਕਰ ਵੀ ਛੇੜਨ ਤੋਂ ਇਨਕਾਰ ਕਰ ਦਿੱਤਾ।

**ਇਹਨਾਂ ਜ਼ੁਲਮਾਂ ਦੇ ਪ੍ਰਮੁੱਖ ਜ਼ੁੰਮੇਵਾਰ ਸਰਕਾਰੀ ਅਫਸਰਾਂ ਵਿਚੋਂ ਕਿਸੇ ਨੂੰ ਵੀ ਆਪਣੇ ਗੁਨਾਹਾਂ ਦੀ ਸਜ਼ਾ ਨਹੀਂ ਮਿਲੀ।**

9 ਅਕਤੂਬਰ 2006 ਨੂੰ ਐਨ.ਐਚ.ਆਰ.ਸੀ. ਨੇ ਇੱਕ ਆਰਡਰ ਕੱਢਿਆ ਜਿਸ ਰਾਹੀਂ ਇਹ ਵੱਡੀ ਗਿਣਤੀ ਵਿੱਚ ਫੂਕੀਆਂ ਲਾਸ਼ਾ ਦੇ ਮਾਮਲੇ ਦੇ ਸਾਰੇ ਮੁੱਖ ਮੁੱਦਿਆਂ ਨੂੰ ਠੱਪ ਕਰ ਦਿੱਤਾ ਤੇ ਹਾਈ ਕੋਰਟ ਦੇ ਰਿਟਾਇਰਡ ਜੱਜ ਕੇ. ਐਸ. ਭੱਲਾ ਨੂੰ ਅੰਮ੍ਰਿਤਸਰ ਵਿੱਚ ਜਾਂਚ ਕਮਿਸ਼ਨਰ ਬਣਾ ਦਿੱਤਾ ਕਿ 2097 ਫੂਕੀਆਂ ਗਈਆਂ ਲਾਸ਼ਾਂ ਵਿੱਚੋਂ ਰਹਿੰਦੀਆਂ ਅਣਪਛਾਤੀਆਂ ਲਾਸ਼ਾ ਦੀ ਸ਼ਨਾਖਤ, ਜੇ ਮੁਮਕਿਨ ਹੋਵੇ, ਅੱਠ ਮਹੀਨਿਆਂ ਵਿੱਚ ਕਰੇ। ਭੱਲਾ ਕਮਿਸ਼ਨ ਨਿਰਪੱਖ ਢੰਗ ਨਾਲ ਪੀੜਤਾਂ ਦੀਆਂ ਲਾਸ਼ਾਂ ਦੀ ਪਛਾਣ ਕਰਨ ਲਈ ਵਿਧੀ ਤਿਆਰ ਕਰ ਸਕਦਾ ਸੀ ਅਤੇ ਆਪਣੀਆਂ ਆਵਦੀਆਂ ਜਾਂਚ-ਪੜਤਾਲਾਂ ਕਰ ਸਕਦਾ ਸੀ। ਏਸ ਦੀ ਬਜਾਏ ਭੱਲਾ ਕਮਿਸ਼ਨ ਨੇ ਲਾਸ਼ਾਂ ਦੀ ਪਛਾਣ ਕਰਨ ਲਈ ਸਰਕਾਰ/ਪੁਲੀਸ ਉਪਰ ਯਕੀਨ ਕਰਨ ਵਾਲੀ ਐਨ.ਐਚ.ਆਰ.ਸੀ. ਦੀ ਰਵਾਇਤ ਨੂੰ ਚਾਲੂ ਰੱਖਿਆ।

ਜਦੋਂ ਸੁਪਰੀਮ ਕੋਰਟ ਨੇ ਐਨ.ਐਚ.ਆਰ.ਸੀ. ਨੂੰ ਆਪਣਾ ਅੰਗ ਬਣਾ ਕੇ ਇਹ ਵੱਡੀ ਗਿਣਤੀ ਵਿੱਚ ਫੂਕੀਆਂ ਲਾਸ਼ਾਂ ਦੇ ਕੇਸ ਵਲੋਂ ਉਠਾਏ ਗਏ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਸਵਾਲਾਂ ਦੀ ਜਾਂਚ ਦਾ ਕਾਰਜ ਸੌਂਪਿਆ, ਉਦੋਂ ਇਸ (ਸੁਪਰੀਮ ਕੋਰਟ) ਨੇ ਕੇਂਦਰੀ ਜਾਂਚ ਮਹਿਕਮੇਂ (ਸੀ.ਬੀ.ਆਈ.) ਨੂੰ ਪੁਲੀਸ ਅਫਸਰਾਂ ਦੀ ਗੁਨਾਹਗਾਰੀ ਦੀ ਜਾਂਚ ਦੀ ਜ਼ੁੰਮੇਵਾਰੀ ਵੀ ਦਿੱਤੀ। ਦਸ ਸਾਲ ਤੋਂ ਵੱਧ ਸਮਾਂ ਬੀਤਣ ਉਪਰੰਤ ਫਰਿਆਦੀਆਂ ਨੂੰ ਕੋਈ ਪਤਾ ਨਹੀਂ ਹੈ ਕਿ ਕੋਈ ਕਾਨੂੰਨੀ ਮੁਕੱਦਮੇ ਚੱਲ ਵੀ ਰਹੇ ਹਨ ਜਾਂ ਨਹੀਂ। 1999 ਵਿੱਚ ਐਨ.ਐਚ.ਆਰ.ਸੀ. ਅੱਗੇ ਪੇਸ਼ ਕੀਤੇ ਕਾਗ਼ਜ਼ਾਤਾਂ ਵਿੱਚ ਸੀ.ਬੀ.ਆਈ. ਨੇ ਦੱਸਿਆ ਕਿ ਇਸ ਨੇ ਤੀਹ ਸਾਧਾਰਨ ਕੇਸ ਜਾਂਚ ਪੜਤਾਲ ਲਈ ਦਰਜ ਕੀਤੇ "ਜਿਨ੍ਹਾਂ ਵਿੱਚੋਂ 12 ਕੇਸ ਮੁਕੰਮਲ ਹੋ ਚੁੱਕੇ ਹਨ ਅਤੇ…18 ਕੇਸਾਂ ਦੀ ਜਾਂਚ ਅਜੇ ਰਹਿੰਦੀ ਹੈ।" ਸੀ.ਬੀ.ਆਈ. ਵੱਲੋਂ ਦਰਜ ਕੀਤੇ ਕੇਸਾਂ ਦੀ ਗਿਣਤੀ ਦਰਸਾਉਂਦੀ ਹੈ ਕਿ ਇਸਦੀ ਜਾਂਚ ਕਿੰਨੀ ਸੀਮਤ ਸੀ, ਕਿਉਂਕਿ ਇਸਨੇ 2097 ਲਾਸ਼ਾ ਚੋਂ ਸਿਰਫ 30 ਕੇਸ ਦਰਜ ਕਰਨ ਦੀ ਲੋੜ ਸਮਝੀ। ਇਸਨੇ ਸਾਰੇ ਪੰਜਾਬ ਦੇ ਵਿੱਚ ਬਾਕੀ ਬਹੁਤੇਰੇ ਲਾਪਤਾ ਕੀਤੇ ਤੇ ਮਾਰ ਮੁਕਾਏ ਬੰਦਿਆਂ ਦੀ ਅਸਲੀਅਤ ਨੂੰ ਵੀ ਅੱਖੋਂ ਓਹਲੇ ਕਰ ਛੱਡਿਆ।

**ਭਾਰਤ ਦੀ ਸਰਕਾਰ ਪੰਜਾਬ ਵਿੱਚ ਕੀਤੀਆਂ ਖਾੜਕੂ-ਵਿਰੋਧੀ ਕਾਰਵਾਈਆਂ ਨੂੰ ਸੁਰੱਖਿਆ ਸੰਕਟਾਂ ਨਾਲ ਨਜਿੱਠਣ ਦਾ ਆਦਰਸ਼ਕ ਨਮੂਨਾ ਬਣਾ ਕੇ ਦਿਖਾਉਂਦੀ ਹੈ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਜਿੱਥੇ ਗੜਬੜ ਦਾ ਮਾਹੌਲ ਹੈ, ਉਥੇ ਪੰਜਾਬ ਵਾਲੀਆਂ ਹਰਕਤਾਂ ਦੀ ਨਕਲ ਕਰ ਰਹੀ ਹੈ।**

ਮਨੁੱਖੀ ਹੱਕਾਂ ਦੇ ਰਖਵਾਲੇ ਸ. ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਨ, ਤਸੀਹੇ ਦੇਣ ਤੇ ਕਤਲ ਕਰਨ ਦੇ ਕੇਸ ਵਿੱਚ ਹੀ ਨਿਆਂ ਹਾਸਲ ਕਰਨ ਦੇ ਹੀਲਿਆਂ ਦਾ ਤਜਰਬਾ ਨਿਆਂ ਲਈ ਤਰਸਦੇ ਪੀੜਤ ਪਰਿਵਾਰਾਂ ਨੂੰ ਦਰਪੇਸ਼ ਅਨੇਕਾਂ ਮੁਸ਼ਕਿਲਾਂ ਨੂੰ ਜ਼ਾਹਰ ਕਰਦਾ ਹੈ। ਖਾਲੜਾ ਕੇਸ ਵਿੱਚ ਪੁਲੀਸ ਨੇ ਗਵਾਹਾਂ ਨੂੰ ਡਰਾਇਆ-ਧਮਕਾਇਆ, ਗੈਰਕਾਨੂੰਨੀ ਹਿਰਾਸਤ ਵਿੱਚ ਰੱਖਿਆ ਅਤੇ ਕਈਆਂ ਵਿਰੁੱਧ ਝੂਠੇ ਕੇਸ ਵੀ ਦਰਜ ਕੀਤੇ। ਸ. ਖਾਲੜਾ ਨੂੰ ਅਗਵਾ ਕਰਨ ਤੇ ਮਾਰਨ ਵਿੱਚ ਸ਼ਰੀਕ ਹੋਣ ਖਾਤਰ ਪੁਲੀਸ ਅਫਸਰਾਂ ਨੂੰ ਅਖੀਰ ਕਿਸੇ ਜੱਜ ਤੋਂ ਸਜ਼ਾ ਮਿਲਦਿਆਂ 10 ਸਾਲ ਬੀਤ ਗਏ। ਹੋਰ, ਚਸ਼ਮਦੀਦ ਗਵਾਹਾਂ ਦੀ ਗਵਾਹੀ ਦੇ ਬਾਵਜੂਦ ਸੀ.ਬੀ.ਆਈ. ਨੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀ.ਜੀ.ਪੀ.) ਕੇ.ਪੀ.ਐਸ. ਗਿੱਲ ਵਿਰੁੱਧ ਸ. ਖਾਲੜਾ ਨੂੰ ਅਗਵਾ ਕਰਨ ਤੇ ਕਤਲ ਕਰਨ ਦੇ ਜੁਰਮ ਦੇ ਦੋਸ਼ ਅਦਾਲਤ ਵਿੱਚ ਅਜੇ ਤੱਕ ਨਹੀਂ ਲਿਆਂਦੇ।

**ਜੇ ਭਾਰਤ ਲੰਬੀ ਸ਼ਾਂਤੀ ਤੇ ਕਸ਼ਮਕਸ਼ਾਂ ਦੇ ਅਸਰਦਾਰ ਹੱਲ ਲਈ ਸੱਚੀਓਂ ਹੀ ਗੰਭੀਰ ਹੈ ਤਾਂ ਇਸਨੂੰ ਉਹਨਾਂ ਸੰਸਥਾਵਕ ਖੋਟਾਂ ਦੀ ਜੜ੍ਹ ਪੁੱਟਣੀ ਪਵੇਗੀ ਜਿਹਨਾਂ ਕਰਕੇ ਸਜ਼ਾ-ਮੁਕਤੀ ਪ੍ਰਫੁੱਲਤ ਹੋ ਰਹੀ ਹੈ।**

ਚਿੰਤਾਜਨਕ ਗੱਲ ਇਹ ਹੈ ਕਿ ਭਾਰਤ ਦੀ ਸਰਕਾਰ ਪੰਜਾਬ ਵਿੱਚ ਕੀਤੀਆਂ ਖਾੜਕੂ-ਵਿਰੋਧੀ ਕਾਰਵਾਈਆਂ ਨੂੰ ਸੁਰੱਖਿਆ ਸੰਕਟਾਂ ਨਾਲ ਨਜਿੱਠਣ ਦਾ ਆਦਰਸ਼ਕ ਨਮੂਨਾ ਬਣਾ ਕੇ ਦਿਖਾਉਂਦੀ ਹੈ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਜਿੱਥੇ ਗੜਬੜ ਦਾ ਮਾਹੌਲ ਹੈ, ਉਥੇ ਪੰਜਾਬ ਵਾਲੀਆਂ ਹਰਕਤਾਂ ਦੀ ਨਕਲ ਕਰ ਰਹੀ ਹੈ। ਸਰਕਾਰ ਵੱਲੋਂ ਯਥਾਰਥ ਸਜ਼ਾ-ਮੁਕਤੀ ਮਿਲੀ ਹੋਣ ਕਰਕੇ ਤੇ ਸਜ਼ਾ-ਮੁਕਤੀ ਦੇ ਕਾਨੂੰਨਾਂ ਦੀ ਓਟ ਹੇਠ ਸੁਰੱਖਿਆ ਫੌਜਾਂ ਵੱਲੋਂ ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ ਜਾਰੀ ਹੈ। ਭਾਰਤੀ ਪੁਲੀਸ ਹਿਰਾਸਤ ਵਿੱਚ ਲਏ ਬੰਦਿਆਂ ਉੱਪਰ ਆਮ ਤੌਰ ਤੇ ਤਸ਼ੱਦਦ ਕਰਦੀ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸੁਚੱਜੀਆਂ ਜਾਂਚ-ਪੜਤਾਲਾਂ ਦੀ ਮੰਗ ਕੀਤੀ ਹੈ ਕਿਉਂਕਿ ਲਗਾਤਾਰ ਤੇ ਭਰੋਸੇਯੋਗ ਦੋਸ਼ ਲਾਏ ਜਾ ਰਹੇ ਹਨ ਕਿ ਤਰੱਕੀਆਂ ਤੇ ਇਨਾਮਾਂ ਖਾਤਰ ਸੁਰੱਖਿਆ ਫੌਜਾਂ ਸ਼ੱਕੀ ਵਿਅਕਤੀਆਂ ਤੇ ਆਮ ਬੰਦਿਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਰਹੀਆਂ ਹਨ।

ਜਦੋਂ ਕਿਤੇ ਜਾਂਚ-ਪੜਤਾਲਾਂ ਰਾਹੀਂ ਅਜਿਹੀਆਂ ਗੰਭੀਰ ਉਲੰਘਣਾਵਾਂ ਲਈ ਜ਼ਿੰਮੇਵਾਰ ਸਰਕਾਰੀ ਕਾਰਿੰਦਿਆਂ ਉੱਪਰ ਦੋਸ਼ ਸਾਬਤ ਹੋ ਜਾਂਦੇ ਹਨ, ਫੇਰ ਵੀ ਸਰਕਾਰ ਕਦੇ ਕਦਾਈਂ ਹੀ ਮੁਜਰਮਾਂ ਵਿਰੁੱਧ ਮੁਕੱਦਮੇ ਕਰਦੀ ਜਾਂ ਸਜ਼ਾ ਦਿੰਦੀ ਹੈ। ਭਾਵੇਂ ਬਹੁਤ ਸਾਰੇ ਸਰਕਾਰੀ ਅਫ਼ਸਰ ਨਿੱਜੀ ਤੌਰ ਤੇ ਮੰਨਦੇ ਹਨ ਕਿ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਹਾਲਾਤ ਦਿਨੋ-ਦਿਨ ਨਿੱਘਰਦੇ ਜਾ ਰਹੇ ਹਨ, ਫੇਰ ਵੀ ਉਹ ਨਿਆਂ ਲਈ ਕੀਤੇ ਜਾਂਦੇ ਯਤਨਾਂ ਦਾ ਵਿਰੋਧ ਕਰਦੇ ਹਨ, ਇਹ ਕਹਿੰਦੇ ਹੋਏ ਕਿ ਇਹਨਾਂ ਯਤਨਾਂ ਨਾਲ ਏਸ ਔਖੇ ਵੇਲੇ ਸਰਕਾਰੀ ਪੁਲੀਸ ਤੇ ਫੌਜਾਂ ਦੇ ਹੌਸਲੇ ਨੂੰ ਠੇਸ ਲੱਗੇਗੀ। ਭਾਰਤ ਦੀ ਸਰਕਾਰ ਨੇ ਸਜ਼ਾ-ਮੁਕਤੀ ਦੇ ਮਸਲੇ ਦੀ ਸਿਲਸਿਲੇਵਾਰ (ਬਾਕਾਇਦਾ) ਬਣਤਰ ਦੇ ਢਾਂਚੇ ਦਾ ਇਕਬਾਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਜਿਹੜੀਆਂ ਸਮੱਸਿਆਵਾਂ ਕਾਰਨ ਇਹ ਜ਼ੁਲਮ ਹੁੰਦੇ ਹਨ, ਉਹਨਾਂ ਨੂੰ ਹੱਲ ਕਰਨ ਲਈ ਕੁਝ ਨਹੀਂ ਕੀਤਾ।

ਜੇ ਭਾਰਤ ਲੰਬੀ ਸ਼ਾਂਤੀ ਤੇ ਕਸ਼ਮਕਸ਼ਾਂ ਦੇ ਅਸਰਦਾਰ ਹੱਲ ਲਈ ਸੱਚੀਓਂ ਹੀ ਗੰਭੀਰ ਹੈ ਤਾਂ ਇਸਨੂੰ ਉਹਨਾਂ ਸੰਸਥਾਵਕ ਖੋਟਾਂ ਦੀ ਜੜ੍ਹ ਪੁੱਟਣੀ ਪਵੇਗੀ ਜਿਹਨਾਂ ਕਰਕੇ ਸਜ਼ਾ-ਮੁਕਤੀ ਪ੍ਰਫੁੱਲਤ ਹੋ ਰਹੀ ਹੈ। ਇਸ ਰਿਪੋਰਟ ਵਿੱਚ ਅਸੀਂ ਕੁਝ ਚੋਣਵੇਂ ਕੇਸਾਂ ਉਪਰ ਧਿਆਨ ਦਿੱਤਾ ਹੈ ਜੋ ਅਜਿਹੇ ਸੰਸਥਾਵਕ ਖੋਟਾਂ ਦਾ ਵੇਰਵਾ ਦਿੰਦੇ ਹਨ। ਪਿਛਲੇ ਦਸਾਂ ਸਾਲਾਂ ਵਿੱਚ ਸਰਕਾਰ ਦੇ ਜੁਰਮਾਂ ਬਾਬਤ ਹੋਏ ਵਿਹਾਰ, ਸਰਕਾਰ ਵਲੋਂ ਖੁਲ੍ਹੇਆਮ ਅਤੇ ਸਿਲਸਿਲੇਵਾਰ ਹੋ ਰਹੀਆਂ ਵਧੀਕੀਆਂ ਤੋਂ ਮੁੱਕਰਨ ਦੇ ਪ੍ਰਤੀਕ ਹਨ। ਇਹ ਵਿਹਾਰ-ਵਧੀਕੀਆਂ ਖਾਤਰ ਅੰਤਰਰਾਸ਼ਟਰੀ ਤੇ ਭਾਰਤੀ ਮਿਆਰਾਂ ਮੁਤਾਬਕ ਨਿਆਂ ਤੇ ਮੁਆਵਜ਼ਾ ਦੇਣ ਵਿੱਚ ਭਾਰਤ ਦੀ ਨਾਕਾਮਯਾਬੀ ਦੇ ਪ੍ਰਤੀਕ ਵੀ ਹਨ। ਜਿਨ੍ਹਾਂ ਕੇਸਾਂ ਦੀ ਅਸੀਂ ਜਾਂਚ ਕੀਤੀ ਹੈ, ਉਹ ਪੁਲੀਸ, ਅਦਾਲਤਾਂ, ਸੀ.ਬੀ.ਆਈ. ਤੇ ਐਨ.ਐਚ.ਆਰ.ਸੀ. ਸਮੇਤ ਸਰਕਾਰੀ ਅਦਾਰਿਆਂ ਤੇ ਸੰਸਥਾਵਾਂ ਵੱਲੋਂ ਨਿਆਂ ਦੇਣ ਦੀ ਨਾਕਾਮਯਾਬੀ ਸਾਬਤ ਕਰਦੇ ਹਨ।

ਮਿਸਾਲ ਵਜੋਂ, ਭਾਰਤ ਦੀ ਸਰਕਾਰ ਮਨੁੱਖੀ ਹੱਕਾਂ ਦੀ ਹਿਫ਼ਾਜ਼ਤ ਲਈ ਆਪਣੀ ਬਚਨਬੱਧਤਾ ਦੇ ਸਬੂਤ ਵਜੋਂ ਐਨ.ਐਚ.ਆਰ.ਸੀ.ਵੱਲ ਇਸ਼ਾਰਾ ਕਰਦੀ ਹੈ। ਜਿਵੇਂ ਵੱਡੀ ਗਿਣਤੀ ਵਿੱਚ ਫੂਕੀਆਂ ਲਾਸ਼ਾਂ ਦੇ ਕੇਸ ਤੋਂ ਜ਼ਾਹਰ ਹੁੰਦਾ ਹੈ, ਐਨ.ਐਚ.ਆਰ.ਸੀ.ਨੇ ਸੁਪਰੀਮ ਕੋਰਟ ਤੋਂ ਮਿਲੇ ਫੁਰਮਾਨ ਨੂੰ ਸੀਮਤ ਰੱਖਣ ਦਾ ਰਸਤਾ ਚੁਣਿਆ ਅਤੇ ਭਾਰਤੀ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਮੁਤਾਬਕ ਨਿਆਂ ਕਰਨ ਤੋਂ ਨਾਂਹ ਕਰ ਦਿੱਤੀ। ਫੇਰ ਵੀ ਇਹ ਕੇਸ ਭਾਰਤ ਦੀ ਸੰਸਥਾਵਕ ਸਜ਼ਾ-ਮੁਕਤੀ ਨੂੰ ਚੁਣੌਤੀ

ਦੇਣ ਦਾ ਸਭ ਤੋਂ ਵੱਡਾ ਮੌਕਾ ਹੈ, ਕਿਉਂਕਿ ਇਹ ਮਾਮਲਾ ਅਜੇ ਵੀ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਅੰਦਰ ਹੈ, ਜਿਸਨੂੰ ਮਨੁੱਖੀ ਹੱਕਾਂ ਦੀ ਉਲੰਘਣਾਂ ਦੇ ਨਿਆਂ ਦੇ ਉਪਾਅ ਲਈ ਮਹਾਨ ਇਖ਼ਤਿਆਰ ਮਿਲੇ ਹੋਏ ਹਨ, ਇਸ ਮਾਮਲੇ ਵਿੱਚ ਇਨਸਾਫ਼ ਕਰਕੇ ਸਰਕਾਰੀ ਵਧੀਕੀਆਂ ਦੇ ਉਪਾਅ ਖਾਤਰ ਚੰਗੀ ਮਿਸਾਲ ਕਾਇਮ ਕਰਨ ਦਾ ਮੌਕਾ ਅਜੇ ਵੀ ਨਹੀਂ ਖੁੰਝਿਆ ਹੈ।

ਪੀੜਤ ਅਤੇ ਉਹਨਾਂ ਦੇ ਪਰਿਵਾਰ ਭਾਰਤ ਦੀ ਸਰਕਾਰ ਪਾਸੋਂ ਅਜੇ ਵੀ ਨਿਆਂ ਤੇ ਮੁਆਵਜ਼ੇ ਦੀ ਮੰਗ ਕਰ ਰਹੇ ਹਨ, ਪਰ ਉਹਨਾਂ ਨੂੰ ਬਹੁਤ ਔਖੇ ਅੜਿੱਕੇ ਦਰਪੇਸ਼ ਹਨ। ਇਹਨਾਂ ਅੜਿੱਕਿਆਂ ਵਿੱਚ ਮੁੱਖ ਹਨ: ਮੁਕੱਦਮਿਆਂ ਦੇ ਲੰਬੇ ਅਰਸੇ, ਪੱਖਪਾਤੀ ਸਰਕਾਰੀ ਵਕੀਲ, ਗੈਰ-ਸੰਵੇਦਨਸ਼ੀਲ ਅਦਾਲਤਾਂ, ਪੁਲੀਸ ਵੱਲੋਂ ਗਵਾਹਾਂ ਨੂੰ ਧਮਕਾਉਣਾ ਤੇ ਤੰਗ ਕੀਤਾ ਜਾਣਾ (ਏਨੀ ਕਿ ਅਖੀਰ ਕਈ ਗਵਾਹ ਉਲਟ ਜਾਂਦੇ ਹਨ) ਅਤੇ ਵਧੀਕੀਆਂ ਵਿੱਚ ਸ਼ਰੀਕ ਹੋਣ ਦੇ ਸਬੂਤਾਂ ਦੇ ਬਾਵਜੂਦ ਪੁਲੀਸ ਅਫਸਰਾਂ ਨੂੰ ਦੋਸ਼-ਮੁਕਤੀ। ਜੋ ਸਰਕਾਰੀ ਅਫਸਰ ਇਹਨਾਂ ਜ਼ੁਲਮਾਂ ਦੇ ਮੁੱਖ ਜ਼ਿੰਮੇਵਾਰ ਹਨ, ਉਹਨਾਂ ਵਿੱਚੋਂ ਕਿਸੇ ਨੂੰ ਵੀ ਨਿਆਂ ਮੁਤਾਬਕ ਸਜ਼ਾ ਨਹੀਂ ਮਿਲੀ ਹੈ। ਉਲਟੇ, ਭਾਰਤ ਸਰਕਾਰ ਦੀ ਕਾਰਜਨੀਤੀ ਹੈ ਆਪਣੇ ਜੁਰਮਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਰਹਿਣਾ ਤੇ ਜਵਾਬਦੇਹੀ ਜਾਂ ਜ਼ੁੰਮੇਵਾਰੀ ਦੀਆਂ ਮੰਗਾਂ ਨੂੰ ਓਨਾ ਚਿਰ ਟਾਲਦੇ ਰਹਿਣਾ ਜਿੰਨਾ ਚਿਰ ਇਹ ਮੰਗਾਂ ਹੰਭ ਕੇ ਖਤਮ ਨਹੀਂ ਹੋ ਜਾਂਦੀਆਂ।

1992 ਤੋਂ ਲੈ ਕੇ ਹੁਣ ਤੱਕ ਕਈ ਵਾਰੀਂ ਪੰਜਾਬ ਵਿੱਚ ਚੋਣਾਂ ਹੋ ਚੁੱਕੀਆਂ ਹਨ ਤੇ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਬਣ ਹਟੀਆਂ ਹਨ, ਪਰ ਇਹਨਾਂ ਜ਼ੁਲਮਾਂ ਲਈ ਸਜ਼ਾ-ਮੁਕਤੀ ਅਜੇ ਵੀ ਕਾਇਮ ਹੈ। ਸਿਆਸੀ ਆਗੂਆ ਨੇ ਇਹਨਾਂ ਜ਼ੁਲਮਾਂ ਨੂੰ ਲਗਾਤਾਰ ਛੋਟੀਆਂ-ਮੋਟੀਆਂ ਭੁੱਲਾਂ ਗਰਦਾਨਿਆ ਹੈ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਕੱਲੇ-ਕਹਿਰੇ ਬਦਮਾਸ਼ ਕਰਤੇ ਹੋਣ ਦੀ ਕਹਾਣੀ ਬਣਾਈ ਹੈ, ਹਾਲਾਂ ਕਿ ਸਬੂਤ ਇਹ ਦਸਦੇ ਹਨ ਕਿ ਵੱਡੇ (ਸੀਨੀਅਰ) ਪੁਲੀਸ ਅਫਸਰ ਅਤੇ ਸਿਵਲ ਨੇਤਾ ਇਹਨਾਂ ਜ਼ੁਲਮਾਂ ਬਾਰੇ ਜਾਣਦੇ ਸਨ ਤੇ ਮੁਮਕਿਨ ਹੈ ਕਿ ਜ਼ੁਲਮ ਇਹਨਾਂ ਦੇ ਹੁਕਮਾਂ ਮੁਤਾਬਕ ਕੀਤੇ ਗਏ ਸਨ। ਹੋਰ ਵੀ ਵਧਕੇ, ਹਰੇਕ ਸਰਕਾਰ ਨੇ ਵੱਡੇ ਪੱਧਰ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਲਈ ਦੋਸ਼ੀ ਆਖੇ ਜਾਂਦੇ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ ਹਨ।

ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੇ ਮਨੁੱਖੀ ਹੱਕਾਂ ਦੇ ਵੱਖੋ-ਵੱਖ ਢਾਂਚਿਆਂ ਅੱਗੇ ਪੇਸ਼ ਕੀਤੀਆਂ ਰਿਪੋਰਟਾਂ ਵਿੱਚ ਭਾਰਤ ਦੀ ਸਰਕਾਰ ਲਗਾਤਾਰ ਮੁੱਕਰਦੀ ਆ ਰਹੀ ਹੈ ਕਿ ਪੰਜਾਬ ਵਿੱਚ ਖਾੜਕੂ-ਵਿਰੋਧੀ ਮੁਹਿੰਮ ਵਿੱਚ ਇਸ ਦੀ ਪੁਲੀਸ ਤੇ ਸੁਰੱਖਿਆ ਫੌਜਾਂ ਨੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਜ਼ੁਲਮ ਕੀਤੇ। ਸਗੋਂ ਸਰਕਾਰੀ ਅਫਸਰਾਂ ਨੇ ਕਈ ਵਾਰੀ ਮਨੁੱਖੀ ਹੱਕਾਂ ਲਈ ਸਰਗਰਮ ਜਥੇਬੰਦੀਆਂ ਨੂੰ ਦਹਿਸ਼ਤਗਰਦਾਂ ਦੇ ਬਰਾਬਰ ਕਿਹਾ ਹੈ। ਪੰਜਾਬ ਵਿੱਚ ਖਾੜਕੂ-ਵਿਰੋਧੀ ਮੁਹਿੰਮ ਦੇ ਨੇਤਾ ਕੇ ਪੀ ਐਸ ਗਿੱਲ ਨੇ ਇਨਸਾਫ਼ ਪ੍ਰਾਪਤੀ ਦੇ ਉਪਰਾਲਿਆਂ ਉੱਪਰ ਹਮਲੇ ਦੀ ਅਗਵਾਈ ਕੀਤੀ ਹੈ ਅਤੇ ਕਾਨੂੰਨੀ ਪਟੀਸ਼ਨਾਂ ਨੂੰ ਦਹਿਸ਼ਤਗਰੀ ਦਾ ਹਥਿਆਰ ਗਰਦਾਨ ਕੇ ਆਖਿਆ ਹੈ ਕਿ ਇਹ ਪਟੀਸ਼ਨਾਂ "ਮੁਕੱਦਮੇਬਾਜ਼ੀ ਦੀ ਬੰਦੂਕ" ਹਨ ਤੇ ਮੁਢਲੇ "ਹਮਲੇ ਦਾ ਸਾਧਨ" ਹਨ।

**ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੇ ਮਨੁੱਖੀ ਹੱਕਾਂ ਦੇ ਵੱਖੋ-ਵੱਖ ਢਾਂਚਿਆਂ ਅੱਗੇ ਪੇਸ਼ ਕੀਤੀਆਂ ਰਿਪੋਰਟਾਂ ਵਿੱਚ ਭਾਰਤ ਦੀ ਸਰਕਾਰ ਲਗਾਤਾਰ ਮੁੱਕਰਦੀ ਆ ਰਹੀ ਹੈ ਕਿ ਪੰਜਾਬ ਵਿੱਚ ਖਾੜਕੂ-ਵਿਰੋਧੀ ਮੁਹਿੰਮ ਵਿੱਚ ਇਸ ਦੀ ਪੁਲੀਸ ਤੇ ਸੁਰੱਖਿਆ ਫੌਜਾਂ ਨੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਜ਼ੁਲਮ ਕੀਤੇ।**

ਸਰਕਾਰ ਦਾ ਅਜਿਹਾ ਹੈਂਕੜਬਾਜ਼ ਰਵੱਈਆ ਸਜ਼ਾ-ਮੁਕਤੀ ਦੇ ਮਸਲੇ ਦੇ ਹੱਲ ਬਾਰੇ ਦਹਿੰਦੀ ਕਲਾ ਦਾ ਪ੍ਰਤੀਕ ਹੈ, ਤੇ ਇਹ ਸਿਰਫ ਪੰਜਾਬ ਵਿੱਚ ਹੀ ਨਹੀਂ ਸਗੋਂ ਭਾਰਤ ਦੇ ਬਾਕੀ ਇਲਾਕਿਆਂ ਵਿੱਚ

ਵੀ ਜਿੱਥੇ ਮਨੁੱਖੀ ਹੱਕਾਂ ਦੇ ਰਖਵਾਲਿਆਂ ਦੀ ਇਸੇ ਤਰ੍ਹਾਂ ਦੀ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਆਮ ਤੌਰ ਤੇ ਹੀ ਉਹਨਾਂ ਨੂੰ "ਦੁਸ਼ਮਣ" ਆਖਿਆ ਜਾਂਦਾ ਹੈ ਜੇਕਰ ਉਹ ਪੁਲੀਸ ਤੇ ਸੁਰੱਖਿਆ ਫੌਜਾਂ ਵਿਰੁੱਧ ਆਵਾਜ਼ ਕੱਢਦੇ ਹਨ।

ਜਿੰਨਾ ਚਿਰ ਭਾਰਤ ਦੇ ਸਰਕਾਰੀ ਅਫਸਰ ਪੀੜਤਾਂ ਖਾਤਰ ਤਫ਼ਤੀਸ਼ਾਂ, ਮੁਕੱਦਮਿਆਂ, ਸਜ਼ਾਵਾਂ ਤੇ ਮੁਆਵਜ਼ੇ ਮੰਗਣ ਲਈ ਰਾਜਨੀਤਕ ਹਿੰਮਤ ਨਹੀਂ ਪੈਦਾ ਕਰ ਸਕਦੇ, ਇਹ ਜ਼ੁਲਮ ਹੁੰਦੇ ਰਹਿਣਗੇ। ਪੰਜਾਬ ਵਿੱਚ ਅਜਿਹੇ ਕਾਰਜ ਕਰਨ ਦਾ ਬਹੁਤ ਵੱਡਾ ਮੌਕਾ ਹੈ। ਹੁਣ ਸੁਰੱਖਿਆ ਬਹਾਲ ਹੋ ਗਈ ਹੈ। ਹੋਰ, ਜ਼ੁਲਮਾਂ ਦੇ ਠੋਸ ਸਬੂਤ ਮਿਲ ਰਹੇ ਹਨ ਅਤੇ ਪੀੜਤ ਪਰਿਵਾਰ ਜਵਾਬਦੇਹੀ ਤੇ ਨਿਆਂ ਲਈ ਜਤਨ ਲਾ ਰਹੇ ਹਨ। ਭਾਵੇਂ ਭਾਰਤ ਦੀ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਦਰਜਨਾਂ ਦੀ ਗਿਣਤੀ ਵਿੱਚ ਉਹਨਾਂ ਸੁਰੱਖਿਆ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ ਜਿਹਨਾਂ ਨੇ ਪੰਜਾਬ ਵਿੱਚ ਜ਼ੁਲਮ ਕੀਤੇ ਸਨ, ਪਰ ਸਚਾਈ ਇਹ ਹੈ ਕਿ ਇਹ ਕਾਰਵਾਈ ਬਦਲੀਆਂ ਕਰਨ ਤੇ ਅਹੁਦਾ ਘਟਾਉਣ ਤੱਕ ਸੀਮਤ ਰਹੀ ਹੈ। ਸਜ਼ਾਏ-ਜੁਰਮ ਕੋਈ ਵਿਰਲੇ ਟਾਂਵੇਂ ਅਪਰਾਧੀ ਨੂੰ ਹੀ ਮਿਲੀ ਹੈ, ਖਾਸ ਕਰਕੇ ਸੀਨੀਅਰ ਅਫਸਰਾਂ ਵਿੱਚੋਂ। ਹੋਰ, ਸਰਕਾਰ ਨੇ ਹਜ਼ਾਰਾਂ ਹੋਰ ਕੀਤੇ ਜ਼ੁਲਮਾਂ ਦਾ ਨਿਆਂ ਕਰਨ ਦੀ ਅਜੇ ਗੱਲ ਹੀ ਨਹੀਂ ਛੇੜੀ ਹੈ।

**ਜਿੰਨਾ ਚਿਰ ਭਾਰਤ ਦੇ ਸਰਕਾਰੀ ਅਫਸਰ ਪੀੜਤਾਂ ਖਾਤਰ ਤਫ਼ਤੀਸ਼ਾਂ, ਮੁਕੱਦਮਿਆਂ, ਸਜ਼ਾਵਾਂ ਤੇ ਮੁਆਵਜ਼ੇ ਮੰਗਣ ਲਈ ਰਾਜਨੀਤਕ ਹਿੰਮਤ ਨਹੀਂ ਪੈਦਾ ਕਰ ਸਕਦੇ, ਇਹ ਜ਼ੁਲਮ ਹੁੰਦੇ ਰਹਿਣਗੇ।**

ਵੱਡੀ ਪੱਧਰ ਤੇ ਕੀਤੇ ਸਰਕਾਰੀ ਜ਼ੁਲਮਾਂ ਅਤੇ ਸੰਸਥਾਵਕ ਖੋਟਾਂ ਦਾ ਇਲਾਜ ਕਰਨ ਲਈ ਭਾਰਤ ਨੂੰ ਅਸਰਦਾਰ ਵਿਧੀ ਸਥਾਪਤ ਕਰਨੀ ਪੈਣੀ ਹੈ। ਜਿਉਂ-ਜਿਉਂ ਸੁਪਰੀਮ ਕੋਰਟ ਅੱਗੇ ਵੱਡੀ ਗਿਣਤੀ ਵਿੱਚ ਫੂਕੀਆਂ ਲਾਸ਼ਾਂ ਦਾ ਤੇ ਹੋਰ ਕੇਸ ਆ ਰਹੇ ਹਨ, ਇਸ ਅਦਾਲਤ ਕੋਲ ਮੌਕਾ ਹੈ ਤੇ ਇਹਦੀ ਜੁੰਮੇਵਾਰੀ ਵੀ ਬਣਦੀ ਹੈ ਕਿ ਇਹਨਾਂ ਵਧੀਕੀਆਂ ਦਾ ਇਲਾਜ ਕਰਨ ਲਈ ਨਵੇਂ ਚਾਰੇ ਕਰੇ। ਜ਼ੁਲਮਾਂ ਖਾਤਰ ਅਸਰਦਾਰ ਚਾਰਾ ਕਰਨ ਲਈ ਜ਼ਰੂਰੀ ਹੈ ਕਿ ਸਰਕਾਰ ਲੋੜੀਂਦੀਆਂ ਤਫ਼ਤੀਸ਼ਾਂ, ਮੁਕੱਦਮਿਆਂ, ਮੁਆਵਜ਼ਿਆਂ ਤੇ ਬਹਾਲੀ ਦਾ ਉਪਰਾਲਾ ਕਰੇ। ਮੁਆਵਜ਼ਿਆਂ ਤੇ ਬਹਾਲੀ ਵਿੱਚ ਮਾਲੀ ਮੁਆਵਜ਼ਾ, ਸਰੀਰਕ ਤੇ ਮਾਨਸਿਕ ਇਲਾਜ, ਜਾਇਦਾਦ ਤੇ ਹੋਰ ਖੋਹੇ ਹੱਕਾਂ ਦੀ ਬਹਾਲੀ, ਪੀੜਤਾਂ ਦੀ ਤਸੱਲੀ ਅਤੇ ਦੁਬਾਰਾ ਵਧੀਕੀ ਨਾ ਹੋਣ ਦੀ ਗਰੰਟੀ ਸ਼ਾਮਲ ਹਨ। ਪੰਜਾਬ ਵਿੱਚ ਸਰਕਾਰ ਦੇ ਕੀਤੇ ਵੱਡੀ ਪੱਧਰ ਦੇ ਜ਼ੁਲਮਾਂ ਦਾ ਇਲਾਜ ਕਰਨ ਖਾਤਰ ਭਾਰਤ ਨੂੰ ਸੰਪੂਰਨ ਤਫ਼ਤੀਸ਼ਾਂ ਕਰਕੇ ਸਭ ਤੋਂ ਵੱਧ ਜ਼ੁੰਮੇਵਾਰ ਅਫ਼ਸਰਾਂ ਨੂੰ ਵੇਲੇ ਸਿਰ ਸਜ਼ਾ ਦਿਵਾਉਣੀ ਚਾਹੀਦੀ ਹੈ ਅਤੇ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਰਾਹਤ ਤੇ ਮੁਆਵਜ਼ਾ ਮੁਹੱਈਆ ਕਰਵਾਉਣਾ ਚਾਹੀਦਾ ਹੈ।

***ਕਾਤਲਾਂ ਨੂੰ ਸ਼ਹਿ* ਵਿੱਚ ਪੰਜਾਬ ਵਿੱਚ ਖਾੜਕੂ-ਵਿਰੋਧੀ ਮੁਹਿੰਮ ਦੌਰਾਨ ਜ਼ੁਲਮਾਂ ਦਾ ਸ਼ਿਕਾਰ ਹੋਏ ਸਾਰੇ ਬੰਦਿਆਂ ਦੀ ਰਾਹਤ ਤੇ ਬਹਾਲੀ ਲਈ ਮੁਰੰਮਤੀ ਢਾਂਚਾ ਮੁਹੱਈਆ ਕੀਤਾ ਗਿਆ ਹੈ।**




ਆਪਣੀ ਖਾੜਕੂ-ਵਿਰੋਧੀ ਮੁਹਿੰਮ ਦੌਰਾਨ ਪੰਜਾਬ ਪੁਲੀਸ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਨੂੰ ਚੁੱਕਿਆ। ਇਹਨਾਂ ਲਾਪਤਾ ਕਰਨ ਦੀਆਂ ਸਰਕਾਰੀ ਹਰਕਤਾਂ ਦੇ ਸ਼ਿਕਾਰ ਜ਼ਿਆਦਾਤਰ ਨੌਜਵਾਨ ਮਾਰ ਦਿਤੇ ਗਏ ਸਮਝੇ ਜਾਂਦੇ ਹਨ। ਆਪਣੇ ਜੁਰਮਾਂ ਦੇ ਸਬੂਤਾਂ ਨੂੰ ਛੁਪਾਉਣ ਲਈ ਸੁਰੱਖਿਆ ਫੌਜਾਂ ਨੇ ਚੋਰੀ-ਛੁਪੇ ਲਾਸਾਂ ਫੂਕ ਛੱਡੀਆਂ, ਨਹਿਰਾਂ ਵਿੱਚ ਰੋੜ੍ਹ ਦਿੱਤੀਆਂ ਜਾਂ ਟੋਟੇ ਕਰ ਕੇ ਖੁਰਦ-ਬੁਰਦ ਕਰ ਦਿੱਤੀਆਂ। ਲਾਸ਼ਾਂ ਫੂਕਣ ਦੇ ਮੁਕੱਦਮੇ ਵਿੱਚ ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਬੁਨਿਆਦੀ ਹੱਕਾਂ ਦੀ ਉਲੰਘਣਾ ਦੀ ਜਾਂਚ ਤੋਂ ਇਨਕਾਰ ਕਰਦੇ ਹੋਏ ਮੁਜਰਮਾਂ ਨੂੰ ਜ਼ੁੰਮੇਵਾਰੀ ਤੋਂ ਓਹਲਾ ਬਖ਼ਸ਼ਿਆ ਹੈ ਅਤੇ ਹਜ਼ਾਰਾਂ ਪੀੜਤ ਪਰਿਵਾਰਾਂ ਦੀਆਂ ਇਨਸਾਫ਼ ਲਈ ਉਮੀਦਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। © "ਇਨਸਾਫ਼" 2007.

ਪੰਜਾਬ ਵਿੱਚ ਉਹਨਾਂ ਸਾਰੇ ਵਿਅਕਤੀਆਂ, ਜਿਹਨਾਂ ਦੇ ਹੱਕਾਂ ਦੀ ਖਾੜਕੂ-ਵਿਰੋਧੀ ਮੁਹਿੰਮ ਸਮੇਂ ਉਲੰਘਣਾ ਹੋਈ ਸੀ, ਦੀ ਰਾਹਤ ਤੇ ਬਹਾਲੀ ਅਸਰਦਾਰ ਢੰਗ ਨਾਲ ਕਰਨ ਲਈ ਇੱਕ ਮੁਰੰਮਤੀ ਢਾਂਚਾ ਅਸੀਂ ਇਸ ਰਿਪੋਰਟ ਵਿੱਚ ਮੁਹੱਈਆ ਕੀਤਾ ਹੈ। ਅਸੀਂ ਇੱਕ ਜਾਂਚ-ਕਮਿਸ਼ਨ ਦੀ ਸਥਾਪਤੀ ਦੀ ਸਿਫ਼ਾਰਸ਼ ਕਰਦੇ ਹਾਂ ਜੋ ਜੁਰਮਾਂ ਦੇ ਪੂਰੇ ਪੱਧਰ ਅਤੇ ਪਹੁੰਚ-ਮਾਰ-ਪਸਾਰ ਦੀ ਜਾਂਚ ਕਰੇ, ਸੰਸਥਾਵਕ ਜ਼ੁੰਮੇਵਾਰੀ ਦਾ ਚਿੱਤਰ ਉਲੀਕੇ ਅਤੇ ਜ਼ੁਲਮਾਂ ਦੀ ਘਾੜਤ ਘੜਨ ਤੇ ਜ਼ੁਲਮ ਕਰਵਾਉਣ ਵਾਲਿਆਂ ਦੀ ਸ਼ਨਾਖਤ ਕਰੇ; ਇੱਕ ਖਾਸ ਮੁਕੱਦਮੇਦਾਰ ਵਕੀਲ ਦਾ ਦਫਤਰ (Special Prosecutor's Office) ਅਤੇ ਫਾਸਟ-ਟ੍ਰੈਕ ਅਦਾਲਤਾਂ ਕਾਇਮ ਕਰੇ ਜੋ ਨਿਰਪੱਖ ਤੇ ਫੁਰਤੀਲੇ ਢੰਗ ਨਾਲ ਜੁਰਮਾਂ ਦਾ ਨਿਆਂ ਕਰਨ; ਅਤੇ ਪੂਰਨ ਤੌਰ ਤੇ ਰਾਹਤ-ਮੁਆਵਜ਼ਾ ਮੁਹੱਈਆ ਕਰਨ ਖਾਤਰ ਢਾਂਚਾ ਸਥਾਪਤ ਕਰੇ ਜੋ ਕਿ ਮਨੁੱਖੀ ਹੱਕਾਂ ਦੀ ਹੋਈ ਉਲੰਘਣਾਂ ਦੇ ਪੂਰੇ ਪਸਾਰੇ ਉੱਪਰ ਆਧਾਰਿਤ ਹੋਵੇ। ਜਦੋਂ ਪੰਜਾਬ ਦਾ ਵੱਡੀ ਗਿਣਤੀ ਫੂਕੀਆਂ ਲਾਸ਼ਾਂ ਦਾ ਮਾਮਲਾ ਮੁੜ ਸੁਪਰੀਮ ਕੋਰਟ ਕੋਲ ਆਵੇਗਾ, ਕੋਰਟ ਇਹੋ ਜਿਹੇ ਢਾਂਚੇ ਨਿਆਂ ਪ੍ਰਦਾਨ ਕਰਨ ਖਾਤਰ ਲਾਗੂ ਕਰ ਸਕਦੀ ਹੈ।

ਭਾਰਤ ਦੀ ਸਰਕਾਰ ਇਹ ਨਾ ਸਮਝੇ ਕਿ ਇਹ ਜੁਰਮ ਇਤਿਹਾਸ ਵਿੱਚ ਖਪ ਜਾਣਗੇ। ਅੰਤਰਰਾਸ਼ਟਰੀ ਕਾਨੂੰਨ ਮੰਨਦੇ ਹਨ ਕਿ ਲਾਪਤਾ ਕਰਕੇ ਮਾਰ ਮੁਕਾਉਣ ਦੇ ਕਾਰੇ ਅਜਿਹੇ ਜੁਰਮ ਹਨ ਜਿਹਨਾਂ ਦੇ ਨਿਆਂ ਲਈ ਕਾਨੂੰਨੀ ਮਿਆਦ ਖਾਤਰ ਇਹਨਾਂ ਗੁਨਾਹਾਂ ਦੇ ਜਾਰੀ ਰਹਿਣ ਦੇ ਪਹਿਲੂ ਨੂੰ ਮਾਨਤਾ ਦੇਣਾ ਲਾਜ਼ਮੀ ਹੈ। ਹੋਰ, ਸਰਕਾਰ ਨੂੰ ਲਗਾਤਾਰ ਚਾਲੂ ਬੱਝਵੀਂ ਜ਼ੁੰਮੇਵਾਰੀ ਹੈ

ਭਾਰਤ ਦੀ ਸਰਕਾਰ ਇਹ ਨਾ ਸਮਝੇ ਕਿ ਇਹ ਜੁਰਮ ਇਤਿਹਾਸ ਵਿੱਚ ਖਪ ਜਾਣਗੇ।

ਕਿ ਹੱਕਾਂ ਦੀ ਉਲੰਘਣਾ ਦੇ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਰਾਹਤ ਤੇ ਬਹਾਲੀ ਮੁੱਹਈਆ ਕਰੇ। ਭਾਰਤ ਸਰਕਾਰ ਦੀ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਕਰਨ ਕਰਕੇ ਹੋਈ ਬਦਨਾਮੀ ਓਨਾ ਚਿਰ ਕਾਇਮ ਰਹੇਗੀ ਜਿੰਨਾ ਚਿਰ ਇਹ ਫਰਜ਼ ਅਦਾ ਨਹੀਂ ਕੀਤੇ ਜਾਂਦੇ।

## ਸਿਫਾਰਸ਼ਾਂ

- ਭਾਰਤ ਸਰਕਾਰ ਨੂੰ **ਖੁਲ੍ਹੇਆਮ ਤੌਰ ਤੇ ਆਪਣੇ ਇਸ ਸੰਕਲਪ ਦਾ ਐਲਾਨ ਕਰਨਾ ਪੈਣਾ ਹੈ ਕਿ ਸਰਕਾਰ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਬਿਲਕੁਲ ਮਨਜ਼ੂਰ ਨਹੀ ਹੈ**, ਅਤੇ ਸਾਫ਼ ਜ਼ਾਹਰ ਕਰਨਾ ਪੈਣਾ ਹੈ ਕਿ ਤਸ਼ੱਦਦ, ਹਿਰਾਸਤ ਵਿੱਚ ਕਤਲ, ਝੂਠੇ ਪੁਲੀਸ ਮੁਕਾਬਲੇ ਅਤੇ "ਲਾਪਤਾ ਕਰਨ" ਦੇ ਕਾਰੇ, ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੇ ਜਾਣਗੇ।
- **ਜੋ ਅਫਸਰ ਅਜਿਹੇ ਜ਼ੁਲਮ ਕਰਦੇ, ਕਰਵਾਉਂਦੇ ਜਾਂ ਬਰਦਾਸ਼ਤ ਕਰਦੇ ਹਨ, ਉਹਨਾਂ ਨੂੰ ਜਰਾਇਮ ਤੌਰ ਤੇ ਜ਼ੁੰਮੇਵਾਰ ਠਹਿਰਾ ਕੇ ਸਰਕਾਰ ਨੂੰ ਆਪਣੇ ਵਧੀਕੀ-ਵਿਰੋਧੀ ਸਟੈਂਡ ਦਾ ਪ੍ਰਗਟਾਵਾ ਕਰਨਾ ਪੈਣਾ ਹੈ**। ਪੰਜਾਬ ਵਿੱਚ ਅਜਿਹੀਆਂ ਵਧੀਕੀਆਂ ਦੇ ਮੁੱਖ ਰਚਣਹਾਰੇ ਅਫਸਰਾਂ ਨੂੰ ਸਜ਼ਾ ਦਿਵਾਉਣਾ ਇੱਕ ਚੰਗੀ ਪਹਿਲਕਦਮੀ ਹੋਵੇਗੀ।
- ਸਰਕਾਰ **ਇੱਕ ਰਾਸ਼ਟਰੀ ਕਮਿਸ਼ਨ ਸਥਾਪਤ ਕਰੇ ਤਾਂ ਜੋ ਨਿਰਪੱਖ ਤੇ ਸੁਤੰਤਰ ਤੌਰ ਤੇ** ਤਸੀਹਿਆਂ ਤੇ ਵਧੀਕੀਆਂ ਦੀ **ਜਾਂਚ ਹੋ ਸਕੇ** ਅਤੇ ਪੁਲੀਸ ਵੱਲੋਂ ਮਾਰੇ ਗਏ ਤੇ ਲਾਪਤਾ ਕੀਤੇ ਗਏ ਬੰਦਿਆਂ ਨਾਲ ਜੋ ਹੋਇਆ ਉਸਦਾ ਪਤਾ ਲੱਗੇ। ਸਾਰੇ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ ਦਰਜ ਕਰਵਾਉਣ ਵਿੱਚ ਕੋਈ ਅੜਿੱਕਾ ਨਹੀਂ ਲੱਗਣਾ ਚਾਹੀਦਾ। ਸਰਕਾਰ ਵਲੋਂ ਕੀਤੇ-ਕਰਵਾਏ ਜੁਰਮਾਂ ਦੇ ਦੋਸ਼ਾਂ ਦੀ ਜਾਂਚ ਲਈ ਹੋ ਚੁੱਕੇ ਅਨੇਕਾਂ ਕਮਿਸ਼ਨਾਂ ਤੋਂ ਉਲਟ ਇਹ ਨਵਾਂ ਕਮਿਸ਼ਨ ਸਮੇਂ ਦਾ ਪੱਕੇ ਤੌਰ ਤੇ ਬੱਝਿਆ ਤੇ ਪਾਬੰਦ ਹੋਣਾ ਚਾਹੀਦਾ ਹੈ ਅਤੇ ਇਸਨੂੰ ਸਰਕਾਰੀ ਰਿਕਾਰਡਾਂ ਤੇ ਪੀੜਤ ਪਰਿਵਾਰਾਂ ਤੋਂ ਜਾਣਕਾਰੀ ਲੈਣ ਦਾ ਇਖਤਿਆਰ ਹੋਣਾ ਚਾਹੀਦਾ ਹੈ।
- **ਪੁਲੀਸ ਤੇ ਨੀਮ-ਫੌਜੀ ਦਸਤਿਆਂ ਨੂੰ ਅਸਰਦਾਰ ਸਜ਼ਾ-ਮੁਕਤੀ ਮੁਹੱਈਆ ਕਰਨ ਵਾਲੇ ਸਾਰੇ ਕਾਨੂੰਨ-ਵਿਧਾਨ ਰੱਦ ਕਰ ਦੇਣੇ ਚਾਹੀਦੇ ਹਨ** ਤਾਂ ਜੋ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਦੇ ਗੁਨਾਹਗਾਰਾਂ ਨੂੰ ਸਜ਼ਾ ਦਿਵਾਈ ਜਾ ਸਕੇ।
- ਭਾਰਤ ਦੀ ਸਰਕਾਰ ਵਲੋਂ **ਇੱਕ ਖਾਸ ਮੁਕੱਦਮੇਦਾਰ ਵਕੀਲ ਦਾ ਦਫਤਰ (Special Prosecutor's Office) ਅਤੇ ਫਾਸਟ-ਟ੍ਰੈਕ ਅਦਾਲਤਾਂ ਕਾਇਮ ਕਰਨੀਆਂ ਚਾਹੀਦੀਆਂ ਹਨ** ਤਾਂ ਕਿ ਨਿਰਪੱਖ ਤੌਰ ਤੇ "ਢਾਂਚੇਵਾਰ ਜੁਰਮਾਂ" ਦੀ ਜਾਂਚ ਕੀਤੀ ਜਾ ਸਕੇ ਅਤੇ ਮੋਹਰੀ ਗੁਨਾਹਗਾਰਾਂ ਨੂੰ ਸਜ਼ਾ ਦਿੱਤੀ ਜਾ ਸਕੇ।
- ਅਸਰਦਾਰ ਤੇ ਜਲਦੀ ਨਾਲ ਲਾਗੂ ਹੁੰਦੀ ਕਾਰਜ-ਪ੍ਰਣਾਲੀ ਰਾਹੀਂ ਜ਼ੁਲਮਾਂ ਦੇ ਪੂਰੇ ਪਸਾਰ ਦਾ ਇਲਾਜ ਕਰਦੇ ਹੋਏ ਭਾਰਤ ਸਰਕਾਰ **ਪੀੜਤਾਂ ਤੇ ਉਹਨਾਂ ਦੇ ਵਾਰਸਾਂ ਨੂੰ ਰਾਹਤ, ਮੁਆਵਜ਼ਾ ਤੇ ਬਹਾਲੀ ਪ੍ਰਦਾਨ ਕਰੇ**।
- ਭਾਰਤ ਸੰਯੁਕਤ ਰਾਸ਼ਟਰ ਦੀ ਮਨੁੱਖੀ ਹੱਕਾਂ ਦੀ ਕੌਂਸਲ (UN Human Rights Council) ਦਾ ਮੈਂਬਰ ਹੈ ਅਤੇ ਇੰਜ ਕੌਂਸਲ ਦੇ ਕਾਇਦਿਆਂ ਹੇਠ ਬੱਝਿਆ ਹੋਇਆ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ **ਸੰਯੁਕਤ ਰਾਸ਼ਟਰ ਦੇ ਸਬੰਧਤ ਰੈਪਰਟੋਰਾਂ (rapporteur, ਪੜਤਾਲੀਏ) ਤੇ ਕਾਰਜਕਾਰੀ ਜਥਿਆਂ (working groups) ਨੂੰ ਖੁੱਲ੍ਹਾ ਤੇ ਚਲਦਾ ਬੁਲਾਵਾ ਦੇਵੇ** ਤਾਂ ਕਿ ਪੰਜਾਬ ਵਿੱਚ ਜ਼ੁਲਮਾਂ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਸਕੇ।
- ਅੰਤਰ ਰਾਸ਼ਟਰੀ ਭਾਈਚਾਰੇ ਨੂੰ ਭਾਰਤੀ ਪੁਲੀਸ ਤੇ ਸੁਰੱਖਿਆ ਫੌਜਾਂ ਦੇ ਜ਼ੁਲਮਾਂ ਦੀ ਨਿਖੇਧੀ ਕਰਨੀ ਪੈਣੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਫੌਜੀ ਮਦਦ ਅਤੇ ਵਿਕਰੀ,

ਅਤੇ ਫੌਜੀ ਸਹਿਯੋਗ ਦੇ ਸਾਰੇ ਪ੍ਰੋਗਰਾਮਾਂ ਖਾਤਰ ਸ਼ਰਤ ਰੱਖਣੀ ਚਾਹੀਦੀ ਹੈ ਕਿ ਭਾਰਤ ਪੁਲੀਸ ਤੇ ਫੌਜ ਦੀ ਸਜ਼ਾ-ਮੁਕਤੀ ਨੂੰ ਠੱਲ੍ਹ ਪਾਉਣ ਲਈ ਠੋਸ ਕਦਮ ਚੁੱਕੇ।

ਪੂਰੀ ਰਿਪੋਰਟ ਮੁਫ਼ਤ ਵਿੱਚ ਹਾਸਲ ਕਰਨ ਦਾ ਪਤਾ: http://hrw.org/reports/2007/india1007/

ਹਿਯੂਮਨ ਰੀਟਸ ਵਾਚ ਦੀ ਏਸ਼ੀਆ ਡਿਵੀਜ਼ਨ ਦੇ ਕੰਮ ਦੀ ਪੂਰੀ ਤਫਸੀਲ ਖਾਤਰ ਪਤਾ: http://www.hrw.org/asia.

"ਇਨਸਾਫ਼" ਜਥੇਬੰਦੀ ਦੇ ਕਾਰਜ ਤੇ ਲਿਖਤਾਂ ਬਾਰੇ ਜਾਣਕਾਰੀ ਲਈ ਪਤਾ: http://www.ensaaf.org.